# ਓਬਾਮਾ ਅਤੇ ਡਰੋਨ ਹਮਲੇ

ਕੁਝ ਦਿਨ ਹੋਏ ਨਿਊਯਾਰਕ ਟਾਈਮਜ਼ ਨੇ ਖ਼ੁਲਾਸਾ ਕੀਤਾ ਹੈ ਕਿ ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਹੋਰਨਾਂ ਥਾਂਵਾਂ ਤੇ, ਜਿਥੇ ਵੀ ਅਮਰੀਕਨ ਫੌਜ ਡਰੋਨ ਹਮਲੇ ਕਰ ਰਹੀ ਹੈ ਇਨ੍ਹਾਂ ਡਰੋਨ ਹਮਲਿਆਂ ਦੀ ਇਜਾਜ਼ਤ ਅਮਰੀਕਾ ਦਾ ਸਦਰ ਬਰਾਕ ਓਬਾਮਾ ਖ਼ੁਦ ਆਪ ਹੀ ਦਿੰਦਾ ਹੈ।

ਖ਼ਬਰ ਮੁਤਾਬਿਕ ਯਮਨ ਵਿਚ ਇਕ ਅਮਰੀਕੀ ਸ਼ਹਿਰੀ ਦੇ ਡਰੋਨ ਹਮਲੇ ਨਾਲ ਕਤਲ ਦਾ ਹੁਕਮ ਵੀ ਓਬਾਮਾ ਨੇ ਹੀ ਖ਼ੁਦ ਆਪ ਦਿਤਾ ਸੀ ਅਤੇ ਓਬਾਮਾ ਦੇ ਸਲਾਹਕਾਰਾਂ ਮੁਤਾਬਿਕ ਇਹ ਫੈਸਲਾ ਉਸ ਲਈ ਬੜਾ ਹੀ ਆਸਾਨ ਫੈਸਲਾ ਸੀ ਕਿਉਂਕਿ ਉਹ ਅਮਰੀਕਨ ਸ਼ਹਿਰੀ ਯਮਨ ਵਿਚ ਰਹਿ ਕੇ ਲੋਕਾਂ ਨੂੰ ਅਮਰੀਕਨ ਸਰਕਾਰ ਅਤੇ ਫੌਜ ਦੇ ਖ਼ਿਲਾਫ਼ ਵਰਗਲਾਉਂਦਾ ਸੀ ਅਤੇ ਇਸ ਤਰਾਂ ਅਲ-ਕਾਇਦਾ ਦੀ ਮਦਦ ਕਰਦਾ ਸੀ।

ਇਨ੍ਹਾਂ ਡਰੋਨ ਹਮਲਿਆਂ ਵਿਚ ਸੈਂਕੜੇ ਬੇਗੁਨਾਹ ਸ਼ਹਿਰੀਆਂ ਦੇ ਕਤਲ ਵੀ ਕੀਤੇ ਜਾ ਰਹੇ ਹਨ ਪਰ ਅਮਰੀਕਨ ਸਰਕਾਰ ਇਨ੍ਹਾਂ ਸ਼ਹਿਰੀਆਂ ਨੂੰ ਬਿਲਕੁਲ ਗਿਣਦੀ ਗੌਲਦੀ ਨਹੀਂ। ਓਬਾਮਾ ਅਤੇ ਅਮਰੀਕਨ ਸਰਕਾਰ ਮੁਤਾਬਿਕ ਇਹ ਸਭ ਲੋਕ ਦਹਿਸ਼ਤਗਰਦ ਅਤੇ ਅਲ-ਕਾਇਦਾ ਦੇ ਹਮਦਰਦ ਅਤੇ ਹਿਮਾਇਤੀ ਹਨ। ਓਬਾਮਾ ਦੀ ਸਰਕਾਰ ਦੇ ਤਰਕ ਮੁਤਾਬਿਕ ਹਰ ਉਹ ਮਰਦ ਅਤੇ ਔਰਤ ਜੋ ਉਨ੍ਹਾਂ ਇਲਾਕਿਆਂ ਵਿਚ ਰਹਿੰਦੇ ਹਨ ਜੋ ਡਰੋਨ ਹਮਲੇ ਹੇਠ ਆਉਂਦੇ ਹਨ, ਦਹਿਸ਼ਤਗਰਦ ਹਨ ਅਤੇ ਅਲ ਕਾਇਦਾ ਜਾਂ ਤਾਲਿਬਾਨਾ ਦੇ ਹਿਮਾਇਤੀ ਹਨ ਕਿਉਂਕਿ ਜੇ ਉਹ ਉਨ੍ਹਾਂ ਦੇ ਹਿਮਾਇਤੀ ਨਾ ਹੁੰਦੇ ਤਾਂ ਉਹ ਉਥੇ ਕਦੇ ਨਾ ਰਹਿੰਦੇ।

ਓਬਾਮਾ ਦੀ ਸਰਕਾਰ ਨੇ ਇਕ ਹੋਰ ਕਾਨੂੰਨ ਵੀ ਬਣਾਇਆ ਹੈ ਜਿਸ ਮੁਤਾਬਿਕ ਉਹ ਕਿਸੇ ਵੀ ਅਮਰੀਕੀ ਸ਼ਹਿਰੀ ਜਾਂ ਕਿਸੇ ਹੋਰ ਬੰਦੇ ਨੂੰ ਦੁਨੀਆ ਦੇ ਕਿਸੇ ਵੀ ਹਿੱਸੇ ਵਿਚ ਕਿਸੇ ਵੀ ਵਕਤ ਆਪਣੀ ਸੂਹ ਮੁਤਾਬਿਕ ਦਹਿਸ਼ਤਗਰਦੀ ਦੇ ਜੁਰਮ ਵਿਚ ਕਤਲ ਕਰ ਸਕਦੇ ਹਨ। ਇਸ ਕਾਨੂੰਨ ਮੁਤਾਬਿਕ ਉਹ ਕਿਸੇ ਵੀ ਅਮਰੀਕੀ ਸ਼ਹਿਰੀ ਨੂੰ ਜਿੰਨਾਂ ਚਿਰ ਮਰਜ਼ੀ ਬਿਨਾਂ ਕਿਸੇ ਸੁਣਵਾਈ ਦੇ ਹਿਰਾਸਤ ਵਿਚ ਰੱਖ ਸਕਦੇ ਹਨ। ਕਈ ਅਮਰੀਕੀ ਜਣਿਆਂ ਅਤੇ ਮਨੁੱਖੀ ਹੱਕਾਂ ਦੀ ਜਥੇਬੰਦੀਆਂ ਨੇ ਇਸ ਕਾਨੂੰਨ ਦੀ ਨਿਖੇਧੀ ਕੀਤੀ ਹੈ ਅਤੇ ਅਦਾਲਤਾਂ ਵਿਚ ਚੈਲੰਜ ਕੀਤਾ ਹੈ।

ਓਬਾਮਾ ,ਜਿਸ ਨੂੰ ਅਮਨ ਦਾ ਨੋਬਲ ਇਨਾਮ ਦਿਤਾ ਗਿਆ ਸੀ, ਅਮਰੀਕਨ ਹਾਕਮ ਟੋਲੇ ਦੀ ਹਰ ਭੈੜੀ ਤੋਂ ਭੈੜੀ ਹਰਕਤ ਵਿਚ ਸਿਰਫ਼ ਸ਼ਰੀਕ ਹੀ ਨਹੀਂ ਸਗੋਂ ਅੱਗੇ ਅੱਗੇ ਹੈ। ਉਸਨੇ ਮੈਲਕਮ ਐਕਸ ਦੀ ਗੱਲ ਨੂੰ ਸੱਚ ਸਾਬਤ ਕਰ ਦਿਤਾ ਹੈ। ਮੈਲਕਮ ਐਕਸ ਕਹਿੰਦਾ ਸੀ ਕਿ ਅਮਰੀਕਾ ਵਿਚ ਗੁਲਾਮੀ ਦੇ ਦੌਰ ਵਿਚ ਕਪਾਹ ਦੇ ਖ਼ੇਤਾਂ ਵਿਚ ਦੋ ਤਰਾਂ ਦੇ ਨੀਗਰੋ ਕੰਮ ਕਰਦੇ ਹੁੰਦੇ ਸਨ। ਇਕ ਵਾਹੀ ਕਰਨ ਵਾਲੇ ਨੀਗਰੋ ਸਨ ਜੋ ਕਪਾਹ ਦੇ ਖੇਤਾਂ ਵਿਚ ਕੰਮ ਕਰਦੇ ਸਨ। ਇਨ੍ਹਾਂ ਦੀ ਜ਼ਿੰਦਗੀ ਬਹੁਤ ਹੀ ਭੈੜੀ ਹੁੰਦੀ ਸੀ। ਇਹ ਦਿਨ ਰਾਤ ਜਾਨਵਰਾਂ ਵਾਂਗ ਖੇਤਾਂ ਵਿਚ ਵਾਹੇ ਜਾਂਦੇ ਸੀ ਪਰ ਭੁਖੇ ਮਰਦੇ ਸਨ। ਦੂਜੇ ਨੀਗਰੋ ਘਰੇਲੂ ਨੀਗਰੋ ਹੁੰਦੇ ਸਨ ਜੋ ਮਾਲਕਾਂ ਦੇ ਘਰ ਦਾ ਕੰਮ ਕਰਦੇ ਸਨ ਅਤੇ ਜਿਨ੍ਹਾਂ ਨੂੰ ਘਰ ਦਾ ਕੰਮ ਕਰਨ ਖ਼ਾਤਰ ਚੰਗਾ ਰੋਟੀ ਟੁੱਕ ਮਿਲ ਜਾਂਦਾ ਸੀ। ਇਸ ਲਈ ਇਹ ਘਰੇਲੂ ਨੀਗਰੋ ਮਾਲਕ ਅਤੇ ਉਸਦੇ ਹਿਤਾਂ ਦੀ ਰਾਖੀ ਮਾਲਕ ਨਾਲੋਂ ਵੀ ਜ਼ਿਆਦਾ ਖ਼ੂੰਖ਼ਾਰ ਹੋ ਕੇ ਕਰਦੇ ਸਨ। ਮਿਸਾਲ ਦੇ ਤੌਰ ਤੇ ਵਾਹੀ ਵਾਲੇ ਨੀਗਰੋ ਮਾਲਕ ਦੇ ਖੇਤਾਂ ਅਤੇ ਘਰ ਨੂੰ ਅੱਗ ਲਾਉਣ ਦੀਆਂ ਸਾਜ਼ਿਸ਼ਾਂ ਅਤੇ ਦੁਆਵਾਂ ਕਰਦੇ ਸਨ। ਪਰ ਘਰੇਲੂ ਨੀਗਰੋ ਮਾਲਕ ਦੇ ਖੇਤ ਅਤੇ ਘਰ ਨੂੰ ਬਚਾਉਣ ਲਈ ਵਾਹੀਕਾਰ ਨੀਗਰੋ ਦੇ ਕਤਲ ਕਰਨ ਲਈ ਮਾਲਕ ਨਾਲੋਂ ਵੀ ਕਾਹਲੇ ਹੁੰਦੇ ਸਨ। ਜੇ ਵੇਖੀਏ ਤਾਂ ਓਬਾਮਾ ਐਸ ਵੇਲੇ ਹਾਕਮ ਟੋਲੇ ਲਈ ਇਹੋ ਕੰਮ ਕਰ ਰਿਹਾ ਹੈ।

ਅਮਰੀਕਾ ਦਾ ਸਾਮਰਾਜੀ ਹਾਕਮ ਟੋਲਾ ਓਬਾਮਾ ਨੂੰ ਸਦਰ ਦੀ ਚੋਣ ਜਿਤਾ ਕੇ ਇਹੋ ਜਿਹੇ ਘਟੀਆ ਕੰਮ ਕਰਾਉਣ ਲਈ ਹੀ ਲਿਆਇਆ ਸੀ ਵਰਨਾਂ ਇਕ ਦਿਆਨਤਦਾਰ ਬੰਦੇ, ਅਤੇ ਖ਼ਾਸ ਤੌਰ ਤੇ ਕਾਲੇ ਰੰਗ ਦੇ ਬੰਦੇ ਤੇ ਭਾਵੇਂ ਉਹ ਕਿੰਨਾਂ ਵੀ ਕਾਬਲ ਹੋਵੇਂ, ਅਮਰੀਕਨ ਹਾਕਮ ਕਦੇ ਵੀ ਧਿਜ ਨਹੀਂ ਸਕਦਾ। ਓਬਾਮਾ ਨੇ ਹਾਕਮ ਟੋਲੇ ਨੂੰ ਇਹ ਯਕੀਨ ਦੁਆਇਆ ਸੀ ਕਿ ਉਹ ਉਨ੍ਹਾਂ ਲਈ ਹਰ ਘਟੀਆ ਕੰਮ ਕਰਨ ਨੂੰ ਤਿਆਰ ਹੈ। ਹਾਕਮ ਟੋਲੇ ਨੂੰ ਇਕ ਕਾਲਾ ਬੰਦਾ ਬੁਸ਼ ਦੇ ਅੱਠ ਸਾਲਾਂ ਬਾਅਦ ਬਹੁਤ ਹੀ ਸੂਤ ਬਹਿੰਦਾ ਸੀ।ਅਮਰੀਕਨ ਲੋਕਾਂ ਵਿਚ ਹਾਕਮ ਟੋਲੇ ਖ਼ਿਲਾਫ਼ ਬਹੁਤ ਹੀ ਉਭਾਰ ਸੀ। ਲੋਕਾਂ ਵਿਚ ਸਰਕਾਰ ਅਤੇ ਰਿਆਸਤ ਦੀ ਪ੍ਰਤੀਤ ਮੁੱਕ ਚੁਕੀ ਸੀ। ਲੋਕ ਇਰਾਕ, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਖ਼ਿਲਾਫ਼ ਜੰਗ ਦੇ ਖ਼ਿਲਾਫ਼ ਸੀ। ਇਸ ਕਰਕੇ ਅਮਰੀਕੀ ਹਾਕਮ ਤਬਕੇ ਨੇ ਓਬਾਮਾ ਨੂੰ ਸਦਰ ਬਣਾਇਆ ਸੀ ਤੇ ਹੁਣ ਉਹ ਘਟੀਆ ਤੋਂ ਵੀ ਘਟੀਆ ਕੰਮ ਹਾਕਮ ਟੋਲੇ ਲਈ ਕਰਨ ਨੂੰ ਤਿਆਰ ਹੈ।